# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/3270-3310
ਮਿਤੀ,ਚੰਡੀਗੜ੍ਹ 17-01-2011

ਵਿਸ਼ਾ :- ਲੈਕਚਰਾਰਾਂ ਦੇ ਪੀਰੀਅਡਾਂ ਸਬੰਧੀ।

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ: ਐਸਐਸਏ/ਐਮਸੀ/2009/74406-74425 ਮਿਤੀ,ਚੰਡੀਗੜ੍ਹ 30 ਅਕਤੂਬਰ 2009 ਦੀ ਲਗਾਤਾਰਤਾ ਵਿੱਚ।

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਕੀਤੀਆਂ ਗਈਆਂ ਨਿਰੀਖਣਾਂ ਅਤੇ ਫੀਲਡ ਵਿੱਚੋਂ ਆਈ ਫੀਡ-ਬੈਕ ਤੋਂ ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਬਹੁਤ ਸਾਰੇ ਸਕੂਲਾਂ ਵਿੱਚ ਕੰਮ ਕਰ ਰਹੇ ਲੈਕਚਰਾਰਾਂ ਵੱਲੋਂ ਲੋੜ ਵਾਲੇ ਸਕੂਲਾਂ ਵਿੱਚ ਜਿੱਥੇ ਮਾਸਟਰ ਕੈਡਰ ਦੀਆਂ ਪੋਸਟਾਂ ਖਾਲੀ ਹਨ ਅਤੇ ਲੈਕਚਰਾਰ ਦੇ ਬਣਦੇ 30 ਪੀਰੀਅਡ ਨਹੀਂ ਹੁੰਦੇ ਤਾਂ ਜਮਾਤ ਛੇਵੀਂ ਤੋਂ ਲੈ ਕੇ ਦਸਵੀਂ ਜਮਾਤਾਂ ਤੱਕ ਦੇ ਪੀਰੀਅਡ ਨਹੀਂ ਲਏ ਜਾਂਦੇ ਅਤੇ ਉਨ੍ਹਾਂ ਦੇ ਬਣਦੇ 30 ਪੀਰੀਅਡਾਂ ਨੂੰ ਕੇਵਲ ਸਮਾਂ ਸਾਰਨੀ ਵਿੱਚ ਦਿਖਾਇਆ ਜਾਂਦਾ ਹੈ। ਜੋ ਕਿ ਨਿਯਮਾਂ ਦੀ ਉਲੰਘਣਾ ਹੈ। ਇਸ ਤੋਂ ਇਲਾਵਾ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਸਕੂਲ ਵਿੱਚ ਲਗਾਈ ਜਾਂਦੀ ਰੋਜ਼ਾਨਾ ਐਡਜਸਟਮੈਂਟ ਦੌਰਾਨ ਵੀ ਲੈਕਚਰਾਰਾਂ ਵੱਲੋਂ ਸਕੂਲ ਮੁੱਖੀਆਂ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਹੇਠਲੀਆਂ ਜਮਾਤਾਂ ਵਿੱਚ ਲਗਾਈ ਐਡਜਟਮੈਂਟ ਵਿੱਚ ਹਾਜ਼ਰ ਨਹੀਂ ਹੁੰਦੇ। ਇਸ

ਚਲਦਾ ਪੰਨਾ.......

ਤਰ੍ਹਾਂ ਦੀ ਅਣਗਹਿਲੀ ਵਾਸਤੇ ਜਿੱਥੇ ਸਬੰਧਤ ਲੈਕਚਰਾਰ ਲਾਪ੍ਰਵਾਹੀ ਲਈ ਜ਼ਿੰਮੇਵਾਰੀ ਹੈ, ਉਥੇ ਸਕੂਲ ਮੁੱਖੀ ਵੀ ਇਸ ਕੁਤਾਹੀ ਨੂੰ  ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਇਸ ਤੋਂ ਜਾਣੂ ਨਾ ਕਰਵਾਉਣ ਲਈ ਜਿੰਮੇਵਾਰ ਹੈ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਜੇਕਰ ਇਹੋ ਜਿਹੀ ਅਣਗਹਿਲੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਲਈ ਸਬੰਧਤ ਲੈਕਚਰਾਰ ਅਤੇ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ